# ਜਨਮ ਤੋਂ 3 ਸਾਲਾਂ ਤੱਕ ਤੁਹਾਡੇ ਬੱਚੇ ਦਾ ਵਿਕਾਸ

## Your Child's Development From Birth to 3 Years

ਸ਼ੁਰੂ ਦੇ ਕੁੱਝ ਮਹੀਨਿਆਂ ਅਤੇ ਸਾਲਾਂ ਦੇ ਤਜਰਬੇ ਤੁਹਾਡੇ ਬੱਚੇ ਦੀ ਬਾਕੀ ਸਾਰੀ ਉਮਰ ਲਈ ਉਹਨਾਂ ਦੀ ਸਿਹਤ, ਕਲਿਆਣ ਅਤੇ ਨਜਿੱਠਣ ਦੇ ਹੁਨਰਾਂ ਨੂੰ ਪ੍ਰਭਾਵਿਤ ਕਰਦੇ ਹਨ। ਤੁਹਾਡੀ ਦੇਖਭਾਲ, ਪਾਲਣ ਪੋਸ਼ਣ ਅਤੇ ਸੁਰੱਖਿਅਤ ਪਰਵਰਿਸ਼ ਤੁਹਾਡੇ ਬੱਚੇ ਦੇ ਸਿਹਤਮੰਦ ਵਿਕਾਸ ਨੂੰ ਯਕੀਨੀ ਬਣਾਉਣ ਵਿੱਚ ਸਹਾਇਤਾ ਕਰਦੇ ਹਨ।

ਬੱਚੇ ਦੇ ਵਿਕਾਸ ਨੂੰ ਸਮਝਣਾ ਤੁਹਾਨੂੰ ਇਹ ਜਾਣਨ ਵਿਚ ਸਹਾਇਤਾ ਕਰ ਸਕਦਾ ਹੈ ਕਿ ਕੀ ਉਮੀਦ ਕਰਨੀ ਹੈ ਅਤੇ ਆਪਣੇ ਬੱਚੇ ਦੇ ਚੰਗੇ ਵਿਕਾਸ ਵਿੱਚ ਮਦਦ ਕਰਨ ਲਈ ਤੁਸੀਂ ਕੀ ਕਰ ਸਕਦੇ ਹੋ। ਜ਼ਿੰਦਗੀ ਦੇ ਮੁਢਲੇ ਸਾਲਾਂ ਵਿੱਚ, ਤੁਹਾਡੇ ਬੱਚੇ ਦਾ ਵਿਵਹਾਰ ਉਨ੍ਹਾਂ ਦੀਆਂ ਜ਼ਰੂਰਤਾਂ ਅਤੇ ਉਹ ਕਿਵੇਂ ਬਦਲ ਰਿਹਾ ਹੈ ਅਤੇ ਕਿਵੇਂ ਵਧ ਰਿਹਾ ਹੈ, ਬਾਰੇ ਦੱਸਦਾ ਹੈ। ਤੁਹਾਡੇ ਬੱਚੇ ਦੇ ਅਨੋਖੇ ਸੰਕੇਤਾਂ ਨੂੰ ਸੁਣਨਾ ਤੁਹਾਨੂੰ ਉਹਨਾਂ ਦੇ ਤੇਜ਼ੀ ਨਾਲ ਵਧਣ ਅਤੇ ਵਿਕਾਸ ਦੇ ਸਾਲਾਂ ਵਿੱਚ ਬਹੁਤ ਸਹਾਇਤਾ ਕਰ ਸਕਦਾ ਹੈ।

ਇੱਥੇ ਵਰਣਿਤ ਬਾਲ ਵਿਕਾਸ ਦੇ ਪੜਾਅ ਸਿਰਫ ਦਿਸ਼ਾ ਨਿਰਦੇਸ਼ ਹਨ, ਨਿਯਮਾਂ ਦਾ ਕੋਈ ਸੈਟ ਨਹੀਂ। ਹਰ ਬੱਚਾ ਆਪਣੀ ਗਤੀ ਨਾਲ ਵਿਕਸਿਤ ਹੁੰਦਾ ਹੈ। ਜੇ ਤੁਹਾਨੂੰ ਆਪਣੇ ਬੱਚੇ ਦੇ ਵਿਕਾਸ ਬਾਰੇ ਕੋਈ ਚਿੰਤਾਵਾਂ ਹਨ, ਤਾਂ ਆਪਣੇ ਸਿਹਤ ਦੇਖਭਾਲ ਪ੍ਰਦਾਤਾ ਨਾਲ ਗੱਲ ਕਰੋ।

### ਜਨਮ ਤੋਂ 3 ਮਹੀਨਿਆਂ ਤੱਕ ਤੁਹਾਡਾ ਬੱਚਾ:

- ਜਨਮ ਤੋਂ ਹੀ ਮਾਪਿਆਂ ਦੀਆਂ ਆਵਾਜ਼ਾਂ ਪਹਿਚਾਣਦਾ ਹੈ
- ਆਪਣੀ ਆਵਾਜ਼ ਨੂੰ ਲੱਭ ਲੈਂਦਾ ਹੈ
- ਅੱਖਾਂ ਦੇ ਸੰਪਰਕ ਦਾ ਅਨੰਦ ਲੈਂਦਾ ਹੈ, ਲੋਕਾਂ 'ਤੇ ਮੁਸਕਰਾਉਂਦਾ ਹੈ ਅਤੇ ਚਿਹਰਿਆਂ ਨੂੰ ਧਿਆਨ ਨਾਲ ਦੇਖਦਾ ਹੈ
- ਆਪਣੀਆਂ ਜ਼ਰੂਰਤਾਂ ਦੱਸਣ ਲਈ ਰੋਂਦਾ ਹੈ
- ਜਦੋਂ ਧਿਆਨ ਦਿੱਤਾ ਜਾਏ ਤਾਂ ਖੁਸ਼ੀ ਨਾਲ ਕੂਕਦਾ ਅਤੇ ਗਰਰ ਗਰਰ ਦੀ ਆਵਾਜ਼ ਕਰਦਾ ਹੈ
- ਆਵਾਜ਼ ਸੁਣਕੇ ਹੈਰਾਨ ਹੁੰਦਾ ਹੈ ਅਤੇ ਸਮੇਂ ਸਿਰ ਆਵਾਜ਼ ਪ੍ਰਤੀ ਪ੍ਰਤੀਕ੍ਰਿਆ ਕਰਦਾ ਹੈ
- ਬਾਂਹਾਂ ਅਤੇ ਲੱਤਾਂ ਨੂੰ ਅਕੜਾਉਂਦਾ ਜਾਂ ਹਿਲਾਉਂਦਾ ਹੈ
- ਜਦੋਂ ਪੇਟ ਭਾਰ ਪਿਆ ਹੋਵੇ ਤਾਂ ਸਿਰ ਚੁੱਕਦਾ ਹੈ
- ਆਵਾਜ਼ਾਂ ਅਤੇ ਹਿੱਲ ਜੁੱਲ ਨੂੰ ਵੇਖਣ ਲਈ ਸਿਰ ਉਪਰ ਚੁੱਕਦਾ ਹੈ
- ਇੱਕ ਪਾਸੇ ਪਾਸਾ ਮੋੜਦਾ ਹੈ
- ਹੱਥਾਂ ਪੈਰਾਂ ਨੂੰ ਮਹਿਸੂਸ ਕਰਦਾ ਹੈ ਅਤੇ ਚੀਜ਼ਾਂ ਨੂੰ ਫੜਦਾ ਹੈ
- ਹਿੱਲ ਰਹੀਆਂ ਚੀਜ਼ਾਂ ਵੱਲ ਅੱਖਾਂ ਮੋੜਦਾ ਹੈ

### 3 ਤੋਂ 6 ਮਹੀਨਿਆਂ ਦਾ ਤੁਹਾਡਾ ਬੱਚਾ:

- ਲਗਭਗ 90 ਡਿਗਰੀ ਤੱਕ ਸਿਰ ਚੁੱਕਦਾ ਹੈ
- ਕੁੱਝ ਸਹਾਰੇ ਨਾਲ ਬੈਠਦਾ ਹੈ
- ਸਹਾਰੇ ਨਾਲ ਖੜ੍ਹਾ ਹੁੰਦਾ ਹੈ
- ਅੱਗੇ ਤੋਂ ਪਾਸੇ ਵੱਲ ਅਤੇ ਫਿਰ ਸਾਰੀਆਂ ਦਿਸ਼ਾਵਾਂ ਵਿਚ ਪਾਸਾ ਲੈਂਦਾ ਹੈ
- ਚੀਜ਼ਾਂ ਨੂੰ ਫੜਦਾ ਅਤੇ ਛੱਡਦਾ ਹੈ
- ਆਪਣੇ ਨਾਮ ਨੂੰ ਸੁਣ ਕੇ ਪ੍ਰਤੀਕ੍ਰਿਆ ਕਰਦਾ ਹੈ
- ਸਮਾਜਕ ਮੇਲ ਮਿਲਾਪ ਵਿਚ ਖੁਸ਼ ਹੁੰਦਾ ਹੈ
- ਰੰਗਾਂ ਵਿੱਚ ਦਿਲਚਸਪੀ ਦਰਸ਼ਾਉਂਦਾ ਹੈ
- ਚਿਹਰੇ ਪਹਿਚਾਣਦਾ ਹੈ ਅਤੇ ਜਾਣੇ ਪਹਿਚਾਣੇ ਲੋਕਾਂ ਨੂੰ ਪਹਿਲ ਦਿੰਦਾ ਹੈ
- ਜਦੋਂ ਖੁਸ਼ ਹੋਵੇ ਤਾਂ ਹੱਸਦਾ ਹੈ ਅਤੇ ਕਿਲਕਾਰੀਆਂ ਮਾਰਦਾ ਹੈ
- 6 ਮਹੀਨਿਆਂ ਤਕ ਸਮਝ ਜਾਂਦਾ ਹੈ ਕਿ ਇਕ ਚੀਜ਼ ਅਜੇ ਵੀ ਮੌਜੂਦ ਹੈ ਭਾਵੇਂ ਉਹ ਉਸਨੂੰ ਦੇਖ ਨਹੀਂ ਸਕਦੇ

### 6 ਤੋਂ 12 ਮਹੀਨਿਆਂ ਦਾ ਤੁਹਾਡਾ ਬੱਚਾ:

- ਉਹਨਾਂ ਦੇ ਨਾਮ ਨੂੰ ਪਹਿਚਾਣਦਾ ਹੈ
- “ਮੰਮੀ” ਜਾਂ “ਡੈਡੀ” ਜਿਹੇ ਕਈ ਸ਼ਬਦਾਂ ਤੇ ਪ੍ਰਤੀਕ੍ਰਿਆ ਕਰਦਾ ਹੈ
- ਆਵਾਜ਼ਾਂ ਕਰਦਾ ਹੈ ਜਾਂ ਦੁਹਰਾਉਂਦਾ ਹੈ ਜਾਂ ਸ਼ੋਰ ਪਾਉਂਦਾ ਹੈ
- ਹੋਰ ਬੱਚਿਆਂ ਜਾਂ ਲੋਕਾਂ ਦੀਆਂ ਸਾਦੀਆਂ ਹਰਕਤਾਂ ਦੀ ਨਕਲ ਕਰਦਾ ਹੈ
- ਆਪਣੀ ਪਸੰਦ ਜਾਂ ਨਾਪਸੰਦਗੀ ਬਾਰੇ ਜਾਂ ਖੁਸ਼ੀ ਜਾਂ ਦੁਖ ਬਾਰੇ ਤਿੱਖੇ ਹਾਵ ਭਾਵ ਪ੍ਰਗਟ ਕਰਦਾ ਹੈ
- ਲੰਮੇ ਸਮੇਂ ਲਈ ਬਿਨਾਂ ਸਹਾਇਤਾ ਦੇ ਲਗਾਤਾਰ ਬੈਠਦਾ ਹੈ
- ਬਿਨਾਂ ਢੱਕਣ ਦੇ ਕੱਪ ਤੋਂ ਪਾਣੀ ਪੀਂਦਾ ਹੈ
- ਮਦਦ ਨਾਲ ਜਾਂ ਫੜ ਕੇ ਪੱਕੀ ਤਰ੍ਹਾਂ ਖੜ੍ਹਾ ਹੁੰਦਾ ਹੈ
- ਪੇਟ ਭਾਰ ਹਿੱਲਦਾ ਜਾਂ ਖਿਸਕਦਾ ਹੈ ਅਤੇ ਫਿਰ ਰਿੜ੍ਹਦਾ ਹੈ
- 8 ਅਤੇ 18 ਮਹੀਨਿਆਂ ਦੀ ਉਮਰ ਵਿਚ ਪਹਿਲਾ ਕਦਮ ਚੁੱਕਦਾ ਅਤੇ ਅਤੇ ਆਪਣੇ ਆਪ ਚੱਲਦਾ ਹੈ
- ਰਿੜ੍ਹ ਕੇ ਅਤੇ ਚੱਲ ਕੇ ਖੁਸ਼ ਹੁੰਦਾ ਹੈ
- ਆਪਣੇ ਦੇਖਭਾਲ ਕਰਨ ਵਾਲੇ ਦਾ ਬਹੁਤ ਧਿਆਨ ਖਿੱਚਣਾ ਪਸੰਦ ਕਰਦਾ ਹੈ
- ਕਿਸੇ ਓਪਰੇ ਨੂੰ ਦੇਖ ਕੇ ਡਰਦਾ ਹੈ ਅਤੇ ਜੇ ਮਾਪੇ ਚਲੇ ਜਾਣ ਤਾਂ ਰੋਂਦਾ ਹੈ
- ਖਿਡੌਣਿਆਂ ਜਾਂ ਚੀਜ਼ਾਂ ਨੂੰ ਜਾਣ ਕੇ ਸੁੱਟਦਾ ਹੈ
- ਸਮਾਜਿਕ ਖੇਡਾਂ ਖੇਡਦਾ ਹੈ, ਜਿਵੇਂ ਕਿ 'ਪੀਕਾਬੂ' ਜਾਂ 'ਪੈਟੀ ਕੇਕ'
- ਉਨ੍ਹਾਂ ਦੇ ਜੀਵਨ ਵਿੱਚ ਸਾਰੀਆਂ ਦਿਲਚਸਪ ਤਬਦੀਲੀਆਂ ਦੇ ਨਾਲ, ਤੁਹਾਡਾ ਬੱਚਾ ਰਾਤ ਨੂੰ ਵਧੇਰੇ ਵਾਰ ਜਾਗ ਸਕਦਾ ਹੈ

## 12 ਤੋਂ 18 ਮਹੀਨਿਆਂ ਦਾ ਤੁਹਾਡਾ/ਡੇ ਬੱਚਾ/ਚੇ:

- ਕੋਲ ਕਾਫੀ ਤਾਕਤ ਹੁੰਦੀ ਹੈ ਅਤੇ ਹਰ ਇੱਕ ਚੀਜ਼ ਦੀ ਪੜਤਾਲ ਕਰਨਾ ਚਾਹੁੰਦਾ ਹੈ
- ਉਂਗਲਾਂ ਜਾਂ ਚਮਚ ਨਾਲ ਆਪਣੇ ਆਪ ਖਾ ਸਕਦਾ ਹੈ
- ਪੰਘੂੜੇ ਵਿਚੋਂ ਬਾਹਰ ਨਿਕਲ ਸਕਦਾ ਹੈ
- ਆਪਣੇ ਆਪ ਚੱਲਦਾ ਹੈ ਅਤੇ ਇੱਕ ਇੱਕ ਕਰ ਕੇ ਪੌੜੀਆਂ ਚੜ੍ਹਦਾ ਹ
- ਛੋਟੇ ਵਾਕਾਂ ਵਿੱਚ ਗੱਲ ਕਰਦਾ ਹੈ, ਜਿਵੇਂ "ਮੰਮੀ ਗਈ?" ਜਾਂ "ਸਭ ਹੋ ਗਿਆ"
- ਸਾਦੇ ਵਾਕਾਂ ਨੂੰ ਸਮਝਦਾ ਹੈ ਅਤੇ 1 ਸ਼ਬਦ ਵਾਲੇ ਵਾਕ ਬੋਲਦਾ ਹੈਂ। ਜਿਵੇਂ ਕਿ "ਮੈਨੂੰ ਹੋਰ ਚਾਹੀਦਾ ਹੈ" ਦੀ ਥਾਂ "ਹੋਰ"
- ਕਿਤਾਬ ਵਿਚ ਫੋਟੋਆਂ ਦੇ ਨਾਮ ਲੈਂਦਾ ਹੈ
- ਸਧਾਰਣ ਨਿਰਦੇਸ਼ਾਂ ਦੀ ਪਾਲਣਾ ਕਰਦਾ ਹੈ
- ਜਿੰਨਾਂ ਬੋਲ ਸਕਦੇ ਹਨ ਉਸ ਤੋਂ ਬਹੁਤ ਵੱਧ ਸਮਝਦੇ ਹਨ
- ਧਿਆਨ ਦਾ ਕੇਂਦਰ ਬਣ ਕੇ ਖੁਸ਼ ਹੁੰਦਾ ਹੈ
- ਆਪਣੇ ਆਪ ਖੇਡਦਾ ਹੈ ਅਤੇ ਖਿਡੌਣੇ ਸਾਂਝੇ ਨਹੀਂ ਕਰਦਾ
- ਮਾਪਿਆਂ ਵੱਲੋਂ ਨਿਸ਼ਚਿਤ ਸੀਮਾਵਾਂ ਨਾਲ ਸਹਿਮਤੀ ਜਾਂ ਵਿਰੋਧ ਕਰਦਾ ਹੈ
- ਬੜੀ ਜਲਦੀ ਨਿਰਾਸ਼ ਹੋ ਜਾਂਦਾ ਹੈ
- ਘੱਟ ਰੋਂਦਾ ਹੈ ਪਰ ਚੀਕਦਾ ਜ਼ਿਆਦਾ ਹੈ
- "ਨਾ" ਸ਼ਬਦ ਸਹੀ ਤਰੀਕੇ ਨਾਲ ਵਰਤਦਾ ਹੈ ਜਾਂ ਸਿਰ ਹਿਲਾਉਂਦਾ ਹੈ
- ਦਾ ਇੱਕ ਵਿਸ਼ੇਸ਼ ਖਿਡੌਣਾ ਜਾਂ ਕੰਬਲ ਹੋ ਸਕਦਾ ਹੈ
- ਯਾਦਦਾਸ਼ਤ ਬਹੁਤ ਘੱਟ ਹੁੰਦੀ ਹੈ ਤੁਹਾਡੇ ਨਹੀਂ ਕਹਿਣ ਤੇ ਫਿਰ ਉਹ ਹੀ ਕੰਮ ਕਰੇਗਾ। ਹੋ ਸਕਦਾ ਹੈ ਕਿ ਤੁਹਾਡੇ ਕਹਿਣ ਦੇ ਉਲਟ ਕੰਮ ਕਰੇ।

## 18 ਤੋਂ 36 ਮਹੀਨਿਆਂ ਦਾ ਤੁਹਾਡਾ ਬੱਚਾ:

- 2 ਜਾਂ 3 ਸ਼ਬਦਾਂ ਵਾਲੇ ਵਾਕ ਬੋਲਦਾ ਹੈ
- ਸਬਦਾਂ ਜਾਂ ਇਸ਼ਾਰਿਆਂ ਨਾਲ ਮਦਦ ਮੰਗਦਾ ਹੈ
- ਗਿਣਤੀ ਕਰ ਸਕਦਾ ਹੈ ਅਤੇ ਨਵੇਂ ਸ਼ਬਦ ਵਰਤਦਾ ਹੈ
- ਆਕਾਰਾਂ ਅਤੇ ਸਾਈਜ਼ਾਂ ਨੂੰ ਸਮਝਦਾ ਹੈ
- ਆਪਣੇ ਕਈ ਮਨੋਭਾਵ ਦਿਖਾਉਂਦਾ ਹੈ
- ਦੂਜਿਆਂ ਦੀਆਂ ਭਾਵਨਾਵਾਂ ਨੂੰ ਸਮਝਦਾ ਹੈ ਅਤੇ ਪ੍ਰਤੀਕ੍ਰਿਆ ਕਰਨਾ ਸਿਖਦਾ ਹੈ
- ਮਨਜ਼ੂਰੀ ਚਾਹੁੰਦਾ ਹੈ ਅਤੇ ਸਿਫਤ ਚਾਹੁੰਦਾ ਹੈ
- ਬਹੁਤ ਸੁਆਲ ਪੁੱਛਦਾ ਹੈ
- ਕਹਿਣ ਤੇ ਕੰਮ ਕਰਦਾ ਹੈ ਜਿਵੇਂ ਕਿ 'ਆਪਣਾ ਕੋਟ ਲਿਆਓ'
- ਹੌਲੀ ਹੌਲੀ 1 ਹੱਥ ਨਾਲੋਂ ਦੂਜੇ ਨੂੰ ਜ਼ਿਆਦਾ ਵਰਤਦਾ ਹੈ
- ਪੌੜੀਆਂ ਚੜ੍ਹ ਅਤੇ ਉਤਰ ਸਕਦਾ ਹੈ
- ਤਿੰਨਾਂ ਪਹੀਆਂ ਵਾਲਾ ਸਾਈਕਲ ਚਲਾਉਣਾ ਸਿੱਖ ਸਕਦਾ ਹੈ
- ਦੌੜ ਸਕਦਾ ਹੈ, ਚੜ੍ਹ ਸਕਦਾ ਹੈ, ਕਿੱਕ ਮਾਰ ਸਕਦਾ ਹੈ ਅਤੇ ਬਾਲ ਸੁੱਟ ਸਕਦਾ ਹੈ
- ਸੰਗੀਤ ਨਾਲ ਨਚਦਾ ਹੈ
- ਕਹਾਣੀਆਂ ਸੁਣਾਉਂਦਾ ਹੈ, ਗਾਣੇ ਗਾਉਂਦਾ ਹੈ ਅਤੇ ਖੇਡਦਾ ਹੈ
- ਜ਼ਿਆਦਾ ਕੰਮ ਆਪਣੇ ਆਪ ਕਰਨ ਦੀ ਕੋਸ਼ਿਸ਼ ਕਰਦਾ ਹੈ
- ਘਰ ਦੇ ਸਧਾਰਣ ਕੰਮਾਂ ਵਿਚ ਮਦਦ ਕਰਦਾ ਹੈ, ਜਿਵੇਂ ਕਿ ਲੌਂਡਰੀ ਨੂੰ ਡਰਾਇਰ ਵਿੱਚੋਂ ਕੱਢਣਾ
- ਕੋਈ ਚੀਜ਼ ਸਾਂਝੀ ਕਰਨੀ ਔਖੀ ਲੱਗਦੀ ਹੈ ਅਤੇ 'ਨਹੀਂ' ਜਾਂ 'ਮੇਰਾ' ਕਹਿੰਦਾ ਹੈ
- ਰੋਜ਼ਾਨਾ ਦੇ ਰੁਟੀਨ ਨਾਲ ਜਾਣੂ ਹੋ ਜਾਂਦਾ ਹੈ ਅਤੇ ਉਸਦਾ ਅਨੰਦ ਲੈਂਦਾ ਹੈ
- ਜਾਣੇ ਪਹਿਚਾਣੇ ਲੋਕਾਂ ਨੂੰ ਪਹਿਚਾਣਦਾ ਅਤੇ ਨਾਮ ਲੈਂਦਾ ਹੈ
- ਨਵੇਂ ਲੋਕਾਂ, ਚੀਜ਼ਾਂ ਜਾਂ ਆਵਾਜ਼ਾਂ ਵਿਚ ਦਿਲਚਸਪੀ ਦਿਖਾਉਂਦਾ ਹੈ
- ਇਕੱਲਿਆਂ ਅਤੇ ਹੋਰ ਬੱਚਿਆਂ ਦੇ ਨਜ਼ਦੀਕ ਖੇਡ ਕੇ ਖੁਸ਼ ਹੁੰਦਾ ਹੈ
- 36 ਮਹੀਨਿਆਂ ਦਾ ਹੋਣ ਤੇ, ਦੂਜਿਆਂ ਨਾਲ ਵਿਖਾਵੇ ਵਾਲੀ ਖੇਡ ਖੇਡਣ ਵਿੱਚ ਖੁਸ਼ ਹੁੰਦਾ ਹੈ
- ਖਾਸ ਲਿੰਗ ਨਾਲ ਆਪਣੀ ਪਛਾਣ ਕਰਨਾ ਸ਼ੁਰੂ ਕਰ ਸਕਦਾ ਹੈ
- ਜ਼ਿਆਦਾ ਦੇਰ ਦਿਲਚਸਪੀ ਦਿਖਾਉਂਦਾ ਹੈ
- ਗਲਤੀਆਂ ਕਰ ਕਰ ਕੇ ਸਮੱਸਿਆਵਾਂ ਹੱਲ ਕਰਦਾ ਹੈ
- ਸਮੂਹਕ ਕੰਮਾਂ ਵਿੱਚ ਹਿੱਸਾ ਲੈਂਦਾ ਹੈ
- ਪਿਆਰ ਨੂੰ ਖੁੱਲ੍ਹੇ ਰੂਪ ਵਿੱਚ ਵਿਖਾਉਂਦਾ ਹੈ ਜਿਵੇਂ ਕਿ ਜੱਫੀ ਪਾਉਣਾ
- ਸਮਾਜਿਕ ਬੋਲੀ ਬੋਲਦਾ ਹੈ ਜਿਵੇਂ ਕਿ ਹਾਂ ਜੀ ਅਤੇ ਧੰਨਵਾਦ
- ਵੱਡਿਆਂ ਦੇ ਵਿਵਹਾਰ ਦੀ ਨਕਲ ਕਰਦਾ ਹੈ
- ਕਈ ਵਾਰ ਦੁਖੀ ਹੁੰਦਾ ਹੈ ਕਿਉਂਕਿ ਉਹ ਜਿੰਨਾ ਕਰ ਸਕਦਾ ਹੈ ਉਸ ਨਾਲੋਂ ਜ਼ਿਆਦਾ ਕਰਨਾ ਚਾਹੁੰਦਾ ਹੈ
- ਅਸਲ ਅਤੇ ਕਾਲਪਨਿਕ ਖ਼ਤਰਿਆਂ ਜਾਂ ਅਸਹਿਜ ਹਾਲਤਾਂ ਬਾਰੇ ਚਿੰਤਤ ਹੋਣਾ ਸੁਰੂ ਕਰ ਸਕਦਾ ਹੈ।

## ਹੋਰ ਜਾਣਕਾਰੀ ਲਈ

ਬੱਚੇ ਦੀ ਸਿਹਤ ਅਤੇ ਵਿਕਾਸ ਬਾਰੇ ਹੋਰ ਜਾਣਕਾਰੀ ਲਈ, ਹੇਠਾਂ ਦਿੱਤੇ ਸਾਧਨ ਦੇਖੋ:

- HealthLinkBC File #92a ਤੁਹਾਡਾ ਬੱਚਾ ਅਤੇ ਖੇਡ
- HealthLinkBC File #92c ਤੁਹਾਡੇ ਬੱਚੇ ਦੀਆਂ ਭਾਵਨਾਵਾਂ
- HealthLinkBC File #92d ਟਾਇਲਟ ਦੀ ਸਿੱਖਿਆ
- HealthLinkBC File #92e ਸੌਣ ਦਾ ਸਮਾਂ

ਬੇਬੀਜ਼ ਬੇਸਟ ਚਾਂਸ (Baby's Best Chance) ਇੱਥੇ ਵੇਖੋ:

- www.healthlinkbc.ca/babys-best-chance

ਟੌਡਲਰਜ਼ ਫਸਟ ਸਟੈਪਸ (Toddler's First Steps) ਇੱਥੇ ਵੇਖੋ:

- www.healthlinkbc.ca/toddlers-first-steps